ਨੰ: 1/22/2●●4-ਰਸ1/3●8-13

ਪੰਜਾਬ ਸਰਕਾਰ

ਭਲਾਈ ਵਿਭਾਗ

(ਰਿਜ਼ਰਵੇਸ਼ਨ ਸੈਲ)

ਸੇਵਾ ਵਿਖੇ,

ਰਾਜ ਦੇ ਸਮੂਹ

(1) ਵਿਭਾਗਾਂ ਦੇ ਮੁਖੀ,

(2) ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈ ਕੋਰਟ।

(3) ਮੰਡਲਾਂ ਦੇ ਕਮਿਸ਼ਨਰ।

(4) ਜਿਲ੍ਹਾ ਤੇ ਸੈਸ਼ਨਜ਼ ਜੱਜ।

(5) ਡਿਪਟੀ ਕਮਿਸ਼ਨਰਜ਼।

(6) ਉੱਪ ਮੰਡਲ ਅਫਸਰ (ਸਿਵਲ)।

ਮਿਤੀ, ਚੰਡੀਗੜ੍ਹ 16.●2.2●●5

ਵਿਸ਼ਾ: - ਰੋਸਟਰ ਚੈਕ ਕਰਨ / ਕਰਾਉਣ ਲਈ ਚੈਕ ਲਿਸਟ।

***

ਸ੍ਰੀਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਸਰਕਾਰ ਦੇ ਪੱਤਰ ਨੰ: 1/22/2●●4-ਰਸ1/1497-15●●, ਮਿਤੀ 18-11-2●●4 ਦੀ ਲੜੀ ਵਿੱਚ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਇਸ ਪੱਤਰ ਰਾਹੀਂ ਜਾਰੀ ਕੀਤੀ ਗਈ ਚੈਕ ਲਿਸਟ ਦੇ ਲੜੀ ਨੰ: 11 ਅਤੇ 2● ਨੂੰ ਹੇਠਾਂ ਲਿਖੇ ਅਨੁਸਾਰ ਪੜ੍ਹਿਆ ਜਾਵੇ:-

<u>ਚੈਕ ਲਿਸਟ ਦਾ ਲੜੀ ਨੰ: 11</u>

" ਕੀ ਅ: ਜਾਤੀ ਅਤੇ ਪ: ਸ੍ਰੇਣੀ ਦੇ ਸਿੱਧੀ ਭਰਤੀ ਅਤੇ ਤਰੱਕੀ ਸਮੇਂ ਮੈਰਿਟ/ਸੀਨੀਆਰਤਾ ਤੇ ਪਾਏ ਉਮੀਦਵਾਰਾਂ ਦਾ ਅਤੇ ਰਿਜ਼ਰਵੇਸ਼ਨ ਦੇ ਅਧਾਰ ਤੇ ਆਏ ਉਮੀਦਵਾਰਾਂ ਦਾ ਇੰਦਰਾਜ਼ ਰੋਸਟਰ ਰਜਿਸਟਰ ਵਿਚ ਕੀਤਾ ਗਿਆ ਹੈ? ਵੇਰਵੇ ਸਹਿਤ ਦੱਸਿਆ ਜਾਵੇ। ਇਹ ਵੀ ਦੱਸਿਆ ਜਾਵੇ ਕਿ ਉਨ੍ਹਾਂ ਵੱਲੋਂ ਮੈਰਿਟ/ਸੀਨੀਆਰਤਾ ਤੇ ਭਰਤੀ/ਪਦ-ਉਨਤ ਹੋਏ ਰਿਜ਼ਰਵ ਕੈਟਾਗਰੀ ਦੇ ਅਧਿਕਾਰੀਆਂ/ ਕਰਮਚਾਰੀਆਂ ਨੂੰ ਰਿਜ਼ਰਵੇਸ਼ਨ ਦਾ ਹਿਸਾਬ ਲਾਗਾਉਣ ਸਮੇਂ ਰਿਜਰਵੇਸ਼ਨ ਤਾਂ ਨਹੀਂ ਗਿਣਿਆ ਗਿਆ? ਸਬੰਧਤ ਵਿਭਾਗ ਇਸ ਨੁਕਤੇ ਬਾਰੇ ਸੂਚਨਾ ਰੋਸਟਰ ਚੈਕਿੰਗ ਪਾਰਟੀਆਂ ਨੂੰ ਇਕ ਸਰਟੀਫਿਕੇਟ ਦੇ ਰੂਪ ਵਿਚ ਉਪਲੱਭਧ ਕਰਾਉਣਗੇ।

<u>ਚੈਕ ਲਿਸਟ ਦਾ ਲੜੀ ਨੰ: (2●)</u>

"ਅ: ਜਾਤੀ ਅਤੇ ਪ: ਸ੍ਰੇਣੀ ਦੇ ਕਰਮਚਾਰੀ ਜੋ ਆਪਣੀ ਮੈਰਿਟ/ਸੀਨੀਆਰਤਾ ਤੇ

ਚਲਦਾ ਪੰਨਾ........

ਪਿਛਲੇ ਪੰਨੇ ਤੋਂ:-

ਨਿਯੁਕਤ/ਪਦ-ਉਨਤ ਹੋਏ ਹੋਣ, ਉਨ੍ਹਾਂ ਨੂੰ ਰਿਜ਼ਰਵੇਸ਼ਨ ਤੇ ਆਏ ਨਹੀਂ ਗਿਣਿਆ ਜਾਵੇਗਾ। ਰੋਸਟਰ ਚੈਕਿੰਗ ਪਾਰਟੀ ਵਿਭਾਗ ਤੋਂ ਇਹ ਸਰਟੀਫਿਕੇਟ ਲਿਆ ਕਰੇ ਕਿ ਉਨ੍ਹਾਂ ਵੱਲੋਂ ਮੈਰਿਟ/ਸੀਨੀਆਰਤਾ ਤੇ ਭਰਤੀ/ਪਦ-ਉਨਤ ਹੋਏ ਅਧਿਕਾਰੀਆਂ/ਕਰਮਚਾਰੀਆਂ ਨੂੰ ਰਿਜ਼ਰਵੇਸ਼ਨ ਵਿਚ ਨਹੀਂ ਗਿਣਿਆ ਗਿਆ। ਇਸ ਸਰਟੀਫਿਕੇਟ ਨੂੰ ਇੰਸਪੈਕਸ਼ਨ ਰਿਪੋਰਟ ਦੇ ਨਾਲ ਰਿਕਾਰਡ ਤੇ ਰੱਖਿਆ ਜਾਵੇ।"

ਵਿਸ਼ਵਾਸਪਾਤਰ,

(ਰਾਮ ਆਸਰਾ ਗਰਗ)
ਉਪ ਸਕੱਤਰ ਭਲਾਈ

ਇਸ ਦਾ ਇਕ ਉਤਾਰਾ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਾਂ/ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਉਪ ਸਕੱਤਰ ਭਲਾਈ

ਸੇਵਾ ਵਿਖੇ,

ਰਾਜ ਦੇ ਸਮੂਹ:
ਵਿੱਤੀ ਕਮਿਸ਼ਨਰ।
ਪ੍ਰਮੁੱਖ ਸਕੱਤਰ।
ਪ੍ਰਬੰਧਕੀ ਸਕੱਤਰ।

ਅੰ: ਵਿ: ਪੱ: ਨੰ: 1/22/04-ਰਸ1 / 313-15 ਮਿਤੀ:16.02.05
ਪਿਠ ਅੰ: ਨੰ: 1 /22/04-ਰਸ1/ 316 ਮਿਤੀ:16.02.05

ਇਸ ਦਾ ਇਕ ਉਤਾਰਾ ਡਾਇਰੈਕਟਰ ਅਨੁਸੂਚਿਤ-ਜਾਤੀਆਂ ਅਤੇ ਪਛੜੀਆਂ-ਸ਼੍ਰੇਣੀਆਂ ਭਲਾਈ ਵਿਭਾਗ, ਪੰਜਾਬ ਅਤੇ ਮੈਂਬਰ ਸਕੱਤਰ, ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ, ਪੰਜਾਬ ਸਿਵਲ ਸਕੱਤਰੇਤ ਨੂੰ ਸੂਚਨਾ ਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਉਪ ਸਕੱਤਰ ਭਲਾਈ

ਇਸ ਦਾ ਇਕ ਉਤਾਰਾ ਸੁਪਰਡੰਟ ਵਿਸ਼ੇਸ਼ ਭਲਾਈ ਸੈਲ-2 ਅਤੇ ਸੁਪਰਡੰਟ ਵਿਸ਼ੇਸ਼ ਭਲਾਈ ਸੈਲ-3 ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਉਪ ਸਕੱਤਰ ਭਲਾਈ

ਸੇਵਾ ਵਿਖੇ,

ਸੁਪਰਡੰਟ, ਵਿਸ਼ੇਸ਼ ਭਲਾਈ ਸੈਲ-2
ਸੁਪਰਡੰਟ, ਵਿਸ਼ੇਸ਼ ਭਲਾਈ ਸੈਲ-3

ਅੰ: ਵਿ: ਪੱ: ਨੰ: 1/22/04-ਰਸ1 /317-18 ਮਿਤੀ:16.02.05